بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 06.07.2018

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਸਹਾਬਾ ਕਰਾਮ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਦੀਆਂ ਇਮਾਨ ਵਧਾਉਣ ਵਾਲੀਆਂ ਗਲੱਾਂ ਦਾ ਦਿਲਖਿਚਵਾਂ ਤੇ ਮਨਮੋਹਕ ਵਰਨਣ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 06 ਜੁਲਾਈ 2018 ਈ. ਨੂੰ ਮਸਜਿਦ ਬੈਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਕਲ ਮੈਂ ਬਦਰੀ ਸਹਾਬਾ ਦਾ ਵਰਨਣ ਕਰ ਰਿਹਾ ਹਾਂ । ਇਤਿਹਾਸ ਤੇ ਰਿਵਾਇਤਾਂ ਵਿੱਚ ਕਈ ਸਹਾਬਾ ਦੇ ਜੀਵਨ ਦੇ ਹਾਲਾਤ ਅਤੇ ਘਟਨਾਵਾਂ ਬਹੁਤ ਵਿਸਥਾਰ ਨਾਲ ਮਿਲਦੀਆਂ ਹਨ, ਪਰ ਅਨੇਕਾਂ ਹੀ ਅਜਿਹੇ ਹਨ ਜਿੰਨ੍ਹਾ ਦੇ ਬਹੁਤ ਹੀ ਸੰਖੇਪ ਹਾਲਾਤ ਮਿਲਦੇ ਹਨ । ਪਰ ਬਹਿਰਹਾਲ ਬਦਰ ਦੀ ਜੰਗ ਵਿੱਚ ਸ਼ਾਮਲ ਹੋਣ ਕਰਕੇ ਉਹਨਾਂ ਦਾ ਜੋ ਅਸਥਾਨ ਹੈ ਉਹ ਤਾਂ ਆਪਣੀ ਥਾਂ ਸਿਥਿਰ ਹੈ । ਇਸ ਲਈ ਭਾਵੇਂ ਕੁਝ ਪੰਕਤੀਆਂ ਦਾ ਹੀ ਵਰਨਣ ਹੋਵੇ ਉਹ ਬਿਆਨ ਹੋਣਾ ਚਾਹੀਦਾ ਹੈ । ਅੱਜ ਲਈ ਜਿੰਨ੍ਹਾ ਸਹਾਬਾ ਦਾ ਵਰਨਣ ਹੋਣਾ ਹੈ ਉਹਨਾਂ ਵਿੱਚੋਂ ਬਹੁਤ ਅਜਿਹੇ ਹਨ ਜਿੰਨ੍ਹਾ ਦਾ ਬਹੁਤ ਸੰਖੇਪ ਜਿਹਾ ਵਰਨਣ ਹੈ ।

ਇਕ ਸਹਾਬੀ ਸਬੀਅ ਬਿਨ ਕੈਸ ਬਿਨ ਈਸ਼ਾ ਹਨ । ਆਪ ਅੰਸਾਰੀ ਅਤੇ ਖ਼ਜ਼ਰਜੀ ਸਨ । ਬਦਰ ਦੀ ਜੰਗ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ । ਆਪ ਦੀ ਮਾਤਾ ਦਾ ਨਾਂ ਖ਼ਦੀਜਾ ਬਿੰਤ (ਸਪੁਤੱਰੀ) ਉਮਰ ਬਿਨ ਜ਼ੈਦ ਹੈ । ਆਪ ਦਾ ਇਕ ਪੁਤੱਰ ਸੀ ਜਿਸ ਦਾ ਨਾਂ ਅਬਦੁਲੱਾਹ ਸੀ ਜੋ ਬਚਪੁਨੇ ਵਿੱਚ ਫ਼ੌਤ ਹੋ ਗਿਆ । ਹਜ਼ਰਤ ਅਬਾਦਾ ਬਿਨ ਕੈਸ ਅਤੇ ਜ਼ੈਦ ਬਿਨ ਕੈਸ ਆਪ ਦੇ ਭਾਈ ਸਨ ।

ਇਕ ਸਹਾਬੀ ਹਜ਼ਰਤ ਅਨੀਸ ਬਿਨ ਕਤਾਦਾਹ ਹਨ । ਉਹਦ ਦੇ ਮੌਕੇ'ਤੇ ਸ਼ਹੀਦ ਹੋਏ । ਬਦਰ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਸਨ । ਆਪ ਦੀ ਵੀ ਕੋਈ ਸੰਤਾਨ ਨਹੀਂ ਸੀ । ਇਕ ਰਿਵਾਇਤ ਹੈ ਕਿ ਖ਼ਨਸਾ ਬਿੰਤ ਖ਼ਦਾਮ ਸ਼ਹੀਦੀ ਸਮੇਂ ਆਪ ਦੇ ਨਿਕਾਹ ਵਿੱਚ ਸਨ ।

ਇਕ ਸਹਾਬੀ ਹਜ਼ਰਤ ਮਲੀਲ ਬਿਨ ਵਬਰਹ ਹਨ । ਆਪ ਦਾ ਸੰਬੰਧ ਖ਼ਜ਼ਰਜ ਦੀ ਸ਼ਾਖ਼ਾ ਬਨੂ ਅਜਲਾਨ ਨਾਲ ਸੀ । ਬਦਰ ਦੀ ਜੰਗ ਅਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ । ਆਪ ਦੀ ਸੰਤਾਨ ਵਿੱਚ ਜ਼ੈਦ ਅਤੇ ਹਬੀਬਾ ਸਨ ਜਿੰਨ੍ਹਾ ਦੀ ਮਾਤਾ ਉਮੇ ਜ਼ੈਦ ਬਿਨ ਨਜ਼ਲਹ ਬਿਨ ਮਾਲਕ ਸਨ । ਇਕ ਰਿਵਾਇਤ ਵਿੱਚ ਲਿੱਖਿਆ ਹੈ ਕਿ ਆਪ ਬਦਰ ਦੀ ਜੰਗ ਅਤੇ ਬਕੀ ਸਾਰੀਆਂ ਜੰਗਾ ਵਿੱਚ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨਾਲ ਸ਼ਾਮਲ ਹੋਏ ।

ਇਕ ਸਹਾਬੀ ਹਜ਼ਰਤ ਨੋਫ਼ਲ ਬਿਨ ਅਬਦੁਲੱਾਹ ਬਿਨ ਨਜ਼ਲਹ ਹਨ । ਆਪ ਬਦਰ ਦੀ ਜੰਗ ਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ । ਉਹਦ ਦੀ ਜੰਗ ਵਿੱਚ ਆਪ ਸ਼ਹੀਦ ਹੋਏ । ਆਪ ਦਾ ਬੰਸ ਅੱਗੇ ਨਹੀਂ ਚਲਿਆ । ਇਕ ਸਹਾਬੀ ਹਜ਼ਰਤ ਵਦੀਆ ਬਿਨ ਉਮਰੋ ਹਨ । ਆਪ ਦਾ ਸੰਬੰਧ ਬਨੂ ਜਹੀਨਾ ਨਾਲ ਸੀ ਜੋ ਬਨੂ ਨਜਾਰ ਦੇ ਸਾਥੀ (ਹਲੀਫ਼) ਸਨ, ਆਪ ਬਦਰ ਦੀ ਜੰਗ ਅਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ । ਹਜ਼ਰਤ ਰਬੀਆ ਬਿਨ ਉਮਰੋ ਆਪ ਦੇ ਭਾਈ ਸਨ ।

ਇਕ ਸਹਾਬੀ ਹਜ਼ਰਤ ਯਜ਼ੀਦ ਬਿਨ ਮੁੰਜ਼ਰ ਬਿਨ ਸਰਹ ਹਨ । ਆਪ ਨਾ ਸੰਬੰਧ ਕਬੀਲਾ ਬਨੂ ਖ਼ਜ਼ਰਜ ਨਾਲ ਸੀ ਅਤੇ ਬੈਅਤੇ ਉਕਬਾ ਵਿੱਚ ਸ਼ਾਮਲ ਹੋਏ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਯਜ਼ੀਦ ਬਿਨ ਮੁੰਜ਼ਰ ਅਤੇ ਆਮਿਰ ਬਿਨ ਰਬੀਆ ਵਿਚਕਾਰ ਭਾਈਬੰਦੀ ਕਰਾਈ । ਆਪ ਬਦਰ ਦੀ ਜੰਗ ਅਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ । ਜੱਦ ਆਦੀ ਵਫ਼ਾਤ ਹੋਈ ਤਾਂ ਆਪ ਦੀ ਕੋਈ ਸੰਤਾਨ ਨਹੀਂ ਸੀ । ਆਪ ਦੇ ਭਾਈ ਮਾਕਿਰ ਬਿਨ ਮੁੰਜ਼ਰ ਵੀ ਬੈਅਤੇ ਉਕਬਾ, ਬਦਰ ਦੀ ਜੰਗ ਅਤੇ ਉਹਦ ਦੀ ਜੰਗ ਵਿੱਚ ਸ਼ਾਮਲ ਸਨ । ਇਕ ਸਹਾਬੀ ਹਜ਼ਰਤ ਖ਼ਵਾਰਜਾ ਬਿਨ ਹਮੀਰ ਅਸ਼ਜਈ ਹਨ । ਆਪ ਦਾ ਸੰਬੰਧ ਕਬੀਲਾ ਅਸ਼ਜਾਅ ਨਾਲ ਸੀ ਅਤੇ ਕਬੀਲਾ ਬਨੂਖ਼ਜ਼ਰਜ ਦੇ ਸਾਥੀ (ਹਲੀਫ਼) ਸਨ । ਆਪ ਦੇ ਭਾਈ ਦਾ ਨਾਂ ਅਬਦੁਲੱਾਹ ਬਿਨ ਹਮੀਰ ਹੈ ਜੋ ਬਦਰ ਦੀ ਜੰਗ ਵਿੱਚ ਆਪ ਦਾ ਨਾਲ ਸ਼ਾਮਲ ਹੋਏ ਸਨ । ਇਕ ਸਹਾਬੀ ਹਜ਼ਰਤ ਸੁਰਾਕਾ ਬਿਨ ਉਮਰ ਹਨ । ਇਹ ਅੰਸਾਰੀ ਸਨ । ਇਹਨਾਂ ਦੀ ਵਫ਼ਾਤ ਜਮਾਦੀਉਲ ਅਵੱਲ 8 ਹਿਜਰੀ ਵਿੱਚ ਜੰਗੇ ਮੋਤਾ ਵਿੱਚ ਹੋਈ । ਇਹਨਾਂ ਦੀ ਮਾਤਾ ਦਾ ਨਾਂ ਅਤੀਲਾ ਬਿੰਤ ਕੈਸ ਸੀ ਅਤੇ ਸੁਰਾਕਾ ਦਾ ਸੰਬੰਧ ਅੰਸਾਰ ਦੇ ਸਨਮਾਨ ਯੋਗ ਕਬੀਲੇ ਬਨੂਨਜਾਰ ਨਾਲ ਸੀ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਨਹਜਾ ਮੋਲਾ ਉਮਰੋ ਅਤੇ ਸੁਰਾਕਾ ਬਿਨ ਉਮਰੋ ਵਿਚਕਾਰ ਸੰਬੰਧ ਬਣਾਏ । ਆਪ ਨੇ ਬਦਰ, ਉਹਦ, ਖ਼ੰਦਕ ਅਤੇ ਖ਼ੈਬਰ ਦੀਆਂ ਜੰਗਾ ਵਿੱਚ ਭਾਗ ਲਿਆ ਅਤੇ ਇਹਨਾਂ ਨੂੰ ਸੁਲਾਹ ਹੁਦੈਬੀਆ ਅਤੇ ਉਮਰਾਤੁਲ ਕਜ਼ਾ ਦੇ ਮੌਕੇ'ਤੇ ਵੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਨੇੜਤਾ ਪ੍ਰਾਪਤ ਰਹੀ । ਹਜ਼ਰਤ ਸੁਰਾਕਾ ਬਿਨ ਉਮਰੋ ਉਹਨਾਂ ਖ਼ੁਸ ਕਿਸਮਤ ਸਹਾਬਾ ਵਿੱਚੋਂ ਸਨ ਜਿੰਨ੍ਹਾ ਨੂੰ ਬੈਅਤੇ ਰਿਜ਼ਵਾਨ ਵਿੱਚ ਸ਼ਾਮਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ ।

ਇਕ ਸਹਾਬੀ ਹਜ਼ਰਤ ਇਬਾਦ ਬਿਨ ਕੈਸ ਹਨ । ਇਹਨਾਂ ਦੀ ਵਫ਼ਾਤ ਵੀ 8 ਹਿਜਰੀ ਵਿੱਚ ਜੰਗੇ ਮੋਤਾ ਵਿੱਚ ਹੋਈ । ਹਜ਼ਰਤ ਇਬਾਦ ਹਜ਼ਰਤ ਅਬੂ ਦਰਦਾਅ ਦੇ ਚਾਚਾ ਸਨ । ਹਜ਼ਰਤ ਇਬਾਦ ਬਦਰ, ਉਹਦ, ਖ਼ੰਦਕ ਅਤੇ ਖ਼ੈਬਰ ਦੀ ਜੰਗ ਵਿੱਚ ਹਜ਼ੂਰ ਸਲਲੱਾਹੁ ਅਲੈਹਿ ਵਸਲਮ ਨਾਲ ਹਮਸਫ਼ਰ ਸਨ । ਸੁਲਾਹ ਹੁਦੈਬੀਆ ਵਿੱਚ ਵੀ ਆਪ ਸ਼ਾਮਲ ਸਨ ਅਤੇ ਜੰਗੇ ਮੋਤਾ ਵਿੱਚ ਆਪ ਦੀ ਸ਼ਹੀਦੀ ਹੋਈ । ਇਕ ਸਹਾਬੀ ਹਜ਼ਰਤ ਅਬੁੱਜ਼ਿਆਹ ਬਿਨ ਸਾਬਿਤ ਬਿਨ ਨੁ-ਮਾਨਾ ਹਨ । ਇਹਨਾ ਦੀ ਵਫ਼ਾਤ 7 ਹਿਜਰੀ ਵਿੱਚ ਹੋਈ । ਬਦਰ, ਉਹਦ, ਖ਼ੰਦਕ ਦੀਆਂ ਜੰਗਾ ਅਤੇ ਹੁਦੈਬੀਆ ਵਿੱਚ ਸ਼ਾਮਲ ਹੋਏ ਅਤੇ ਖ਼ੈਬਰ ਦੀ ਜੰਗ 7 ਹਿਜਰੀ ਵਿੱਚ ਸ਼ਹੀਦ ਹੋਏ । ਬਿਆਨ ਕੀਤਾ ਜਾਂਦਾ ਹੈ ਕਿ ਇਕ ਯਹੂਦੀ ਨੇ ਆਪ ਦੇ ਸਿਰ ਉਪੱਰ ਵਾਰ ਕੀਤਾ ਜਿਸ ਨਾਲ ਆਪ ਦਾ ਸਿਰ ਕੱਟ ਗਿਆ ਅਤੇ ਆਪ ਸ਼ਹੀਦ ਹੋ ਗਏ ।

ਇਕ ਸਹਾਬੀ ਹਜ਼ਰਤ ਅੰਸਾਹ ਹਨ । ਆਪ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਅਜ਼ਾਦ ਕੀਤੇ ਹਬਸ਼ੀ ਗ਼ੁਲਾਮ ਸਨ । ਆਪ ਦਾ ਨਾਂ ਅੰਸਾਹ ਸੀ ਅਤੇ ਅਬੂ ਅੰਸਾਹ ਵੀ ਆਉਂਦਾ ਹੈ । ਕਈਆਂ ਅਨੁਸਾਰ ਆਪ ਦੀ ਗੋਤ ਅਬੂ ਮਸਰੂਹ ਸੀ । ਹਜ਼ਰਤ ਅੰਸਾਹ ਇਸਲਾਮ ਦੇ ਅਰੰਭ ਵਿੱਚ ਹੀ ਇਸਲਾਮ ਵਿੱਚ ਸ਼ਾਮਲ ਹੋਏ ਅਤੇ ਹਿਜਰਤ ਦੇ ਸਮੇਂ ਮਦੀਨਾ ਗਏ ਅਤੇ ਹਜ਼ਰਤ ਸਾਅਦ ਬਿਨ ਖ਼ੇਸ਼ਮਾਹ ਦੇ ਮਹਿਮਾਨ ਬਣੇ ਅਤੇ ਜੱਦ ਤੱਕ ਜੀਉਂਦੇ ਰਹੇ ਹਜ਼ਰਤ ਮੁਹਮੱਦ ਸਲਲਲੱਹੁ ਅਲੈਹਿ ਵਸਲਮ ਦੀ ਸੇਵਾ ਹੀ ਆਪ ਦਾ ਮਨਪਸੰਦ ਸ਼ੁਗ਼ਲ ਸੀ । ਆਪ ਐਨ੍ਹੇ

ਆਗਿਆਕਾਰ ਸਨ ਕਿ ਇਹਨਾ ਬਾਰੇ ਆਉਂਦਾ ਹੈ ਕਿ ਜੱਦ ਬਹਿੰਦੇ ਤਾਂ ਵੀ ਆਪ ਸਲਲੱਾਹੁ ਅਲੈਹਿ ਵਸਲਮ ਤੋਂ ਆਗਿਆ ਲੈਕੇ ਬਹਿੰਦੇ ਸਨ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ।

ਇਕ ਸਹਾਬੀ ਹਜ਼ਰਤ ਅਬੂ ਕਬਸ਼ਾ ਸਲੀਮ ਹਨ । ਇਹਨਾਂ ਦੀ ਗੋਤ ਅਬੂ ਕਬਸ਼ਾ ਹੈ । ਇਹਨਾਂ ਦੀ ਵਫ਼ਾਤ ਹਜ਼ਰਤ ਉਮਰ ਦੀ ਖ਼ਿਲਾਫ਼ਤ ਸਮੇਂ ਹੋਈ । ਆਪ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਅਜ਼ਾਦ ਕੀਤੇ ਫ਼ਾਰਸੀ ਗ਼ੁਲਾਮ ਸਨ । ਆਪ ਬਦਰੀ ਸਹਾਬੀ ਹਨ । ਆਪ ਇਸਲਾਮ ਦੇ ਅਰੰਭਕ ਦਿਨਾਂ ਵਿੱਚ ਇਸਲਾਮ ਵਿੱਚ ਸ਼ਾਮਲ ਹੋਏ ਅਤੇ ਹਿਜਰਤ ਦੀ ਅਗਿਆ ਮਿਲਣ'ਤੇ ਮਦੀਨੇ ਚਲੇ ਗਏ ਅਤੇ ਬਦਰ ਸਣੇ ਸਾਰੀਆਂ ਜੰਗਾਂ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨਾਲ ਰਹੇ । ਹਿਜਰਤ ਦੇ ਬਾਦ ਮਦੀਨੇ ਵਿੱਚ ਆਪ ਹਜ਼ਰਤ ਕੁਲਸੂਮ ਬਿਨ ਅਲਹਦਮ ਪਾਸ ਠਹਿਰੇ ਅਤੇ ਇਕ ਰਿਵਾਇਤ ਅਨੁਸਾਰ ਆਪ ਹਜ਼ਰਤ ਸਾਅਦ ਬਿਨ ਖ਼ੇਮਸ਼ਾਹ ਪਾਸ ਠਹਿਰੇ । ਹਜ਼ਰਤ ਉਮਰ ਦੇ ਖ਼ਲੀਫ਼ਾ ਬਣਨ ਦੇ ਪਹਿਲੇ ਦਿਨ ਆਪ ਦੀ ਵਫ਼ਾਤ ਹੋਈ ।

ਇਕ ਸਹਾਬੀ ਹਜ਼ਰਤ ਮਰਸਦ ਬਿਨ ਅਬੀ ਮਰਸਦ ਹਨ । ਸਫ਼ਰ ਤਿੰਨ ਹਿਜਰੀ ਵਿੱਚ ਰਜੀ ਦੇ ਅਸਥਾਨ'ਤੇ ਆਪ ਦੀ ਵਫ਼ਾਤ ਹੋਈ । ਆਪ ਬਦਰੀ ਸਹਾਬੀ ਸਨ । ਆਪ ਹਜ਼ਰਤ ਹਮਜ਼ਾ ਬਿਨ ਅਬਦੁਲ ਮੁਤਲਿਬ ਦੇ ਹਲੀਫ਼ ਸਨ ਆਪ ਆਪਣੇ ਪਿਤਾ ਨਾਲ ਬਦਰ ਵਿੱਚ ਸ਼ਾਮਲ ਹੋਏ ਸਨ ਆਪ ਇਸਲਾਮ ਦੇ ਅਰੰਭ ਵਿੱਚ ਇਸਲਾਮ ਵਿੱਚ ਸ਼ਾਮਲ ਹੋਏ ਅਤੇ ਬਦਰ ਤੋਂ ਪਹਿਲਾਂ ਹਿਜਰਤ ਕਰਕੇ ਮਦੀਨਾ ਆ ਗਏ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਹਨਾਂ ਦੀ ਭਾਈਬੰਦੀ ਹਜ਼ਰਤ ਔਸ ਬਿਨ ਸਾਮਤ ਨਾਲ ਕਰਾ ਦਿੱਤੀ । ਬਦਰ ਦੇ ਦਿਨ ਇਹ ਘੋੜੇ ਉਪੱਰ ਹਾਜ਼ਰ ਹੋਏ, ਜਿਸ ਦਾ ਨਾ ਸਬਲ ਸੀ । ਇਬਨੇ ਇਸਹਾਕ ਨੇ ਲਿਖਿਆ ਹੈ ਕਿ ਹਜ਼ਰਤ ਮਸਦਰ ਰਜ਼ੀ ਅਲੱਾਹ ਅਨਹੁ ਉਸ ਫ਼ੌਜੀ ਜੱਥੇ ਦੇ ਸਾਲਾਰ ਸਨ ਜਿਸ ਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਰਜੀ ਵੱਲ ਭੇਜਿਆ ਸੀ ਅਤੇ ਕਈਆਂ ਦਾ ਵਿਚਾਰ ਹੈ ਕਿ ਇਸ ਦਸਤੇ ਦੀ ਕਮਾਨ ਹਜਰਤ ਆਸਮ ਬਿਨ ਸਾਬਤ ਕੋਲ ਸੀ ।

ਇਕ ਸਹਾਬੀ ਹਜ਼ਰਤ ਅਬੂ ਮਰਸਦ ਬਿਨ ਆਸ ਬਿਨ ਅਲ ਹੁਸੈਨ ਗ਼ਨਵੀ ਹਨ । ਇਹਨਾਂ ਦੀ ਵਫ਼ਾਤ 12 ਹਿਜਰੀ ਵਿੱਚ ਹੋਈ । ਆਪ ਸ਼ਾਮ ਦੀ ਵਸਨੀਕ ਸਨ । ਇਹਨਾਂ ਨੇ ਇਸਲਾਮ ਦੇ ਅਰੰਭਕ ਦਿਨਾਂ ਵਿੱਚ ਹੀ ਇਸਲਾਮ ਕੁਬੂਲ ਕਰ ਲਿਆ ਅਤੇ ਹਿਜਰਤ ਦੀ ਅਗਿਆ ਦੇ ਬਾਦ ਮਦੀਨੇ ਆ ਗਏ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਆਪ ਦੀ ਹਜ਼ਰਤ ਇਬਾਦਹ ਬਿਨ ਸਾਮਤ ਨਾਲ ਭਾਈਬੰਦੀ ਕਰਾਈ । ਜੱਦ ਹਜ਼ਰਤ ਅਬੂ ਮਰਸਦ ਰਜ਼ੀ ਅਲੱਾਹ ਅਨਹੁ ਅਤੇ ਉਹਨਾਂ ਦੇ ਪੁਤੱਰ ਮਰਸਦ ਨੇ ਮਦੀਨੇ ਵੱਲ ਹਿਜਰਤ ਕੀਤੀ ਤਾਂ ਦੋਵੇਂ ਹਜ਼ਰਤ ਕੁਲਸੂਮ ਬਿਨ ਅਲਹਦਮ ਪਾਸ ਠਹਿਰੇ । ਹਜ਼ਰਤ ਅਬੂ ਮਰਸਦ ਸਾਰੀਆਂ ਜੰਗਾਂ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨਾਲ ਸਨ । ਹਜ਼ਰਤ ਅਬੂ ਮਰਸਦ ਨੂੰ ਇਤਹਾਸ ਵਿੱਚ ਇਹ ਵੀ ਸਥਾਨ ਪ੍ਰਾਪਤ ਹੈ ਕਿ ਹਜ਼ਰਤ ਹਾਤਬ ਬਿਨ ਅਬੀ ਬਲਤਾ ਨੇ ਮੱਕੇ ਦੀ ਫ਼ਤਹ ਤੋਂ ਪਹਿਲਾਂ ਇਕ ਇਸਤਰੀ ਰਾਹੀਂ ਮੱਕੇ ਵਾਲਿਆਂ ਨੂੰ ਇਕ ਗੁਪਤ ਸੰਦੇਸ਼ ਪਹੁੰਚਾਇਆ ਸੀ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਉਸ ਪਤੱਰ ਨੂੰ ਪ੍ਰਾਪਤ ਕਰਨ ਲਈ ਜੋ ਜਥੱਾ ਰਵਾਨਾ ਕੀਤਾ ਸੀ ਉਹਨਾਂ ਵਿੱਚੋਂ ਇਕ ਸਵਾਰ ਹਜ਼ਰਤ ਅਬੂ ਮਰਸਦ ਸਨ । ਆਪ ਨੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਤੋਂ ਇਕ ਹਦੀਸ ਵੀ ਰਿਵਾਇਤ ਕੀਤੀ ਹੈ । ਇਹਨਾਂ ਦੀ ਵਫ਼ਾਤ ਹਜ਼ਰਤ ਅਬੂ ਬਕਰ ਸਿੱਦੀਕ ਦੀ ਖ਼ਿਲਾਫ਼ਤ ਸਮੇਂ 12 ਹਿਜਰੀ ਵਿੱਚ 66 ਸਾਲ ਦੀ ਉਮਰ ਵਿੱਚ ਹੋਈ ।

ਇਕ ਸਹਾਰਬੀ ਹਨ ਹਜ਼ਰਤ ਸਲੈਤ ਬਿਨ ਕੈਸ ਬਿਨ ਉਮਰੋ । ਇਹਨਾਂ ਦੀ ਵਫ਼ਾਤ 14 ਹਿਜਰੀ ਵਿੱਚ ਹੋਈ । ਹਜ਼ਰਤ ਸਲੈਤ ਬਿਨ ਕੈਸ ਅਤੇ ਹਜ਼ਰਤ ਅਬੂ ਸਲਮਾ ਦੋਹਾਂ ਨੇ ਇਸਲਾਮ ਕੁਬੂਲ ਕਰਨ ਦੇ ਬਾਦ ਬਨੂਉਦੀ

ਪਰਿਵਾਰ ਦੇ ਅਦੀ ਬਿਨ ਨਜਾਰ ਦੇ ਬੁਤ ਤੋੜ ਦਿੱਤੇ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਜੱਦ ਹਿਜਰਤ ਕਰਕੇ ਮਦੀਨੇ ਰਲੇ ਗਏ ਅਤੇ ਆਪ ਦੀ ਉਠਣੀ ਬਨੂ ਅਦੀ ਦੇ ਘਰ ਨੇੜੇ ਪਹੁੰਰੀ । ਉਸ ਸਮੇਂ ਹਜ਼ਰਤ ਸਲੈਤ ਬਿਨ ਕੈਸ ਅਬੂ ਸਲੈਤ ਅਤੇ ਅਸੀਰਹ ਬਿਨ ਅਬੂ ਖ਼ਵਾਰਜਹ ਨੇ ਰੋਕਣਾ ਚਾਹਿਆ ਤਾਂ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਮੇਰੀ ਉਠਣੀ ਛੱਡ ਦਿਓ ਕਿ ਇਸ ਸਮੇਂ ਇਹ ਮਾਮੂਰ ਹੈ ਕਿ ਅਰਥਾਤ ਜਿੱਥੇ ਰੱਬ ਦੀ ਇਛੱਾ ਹੋਵੇਗੀ ਉੱਥੇ ਇਹ ਆਪ ਬਹਿ ਜਾਏਗੀ । ਹਜ਼ਰਤ ਸਲੈਤ ਬਦਰ ਅਤੇ ਸਾਰੀਆਂ ਜੰਗਾਂ ਵਿੱਚ ਰਸੂਲੇ ਕਰੀਮ ਸਲਲੱਹੁ ਅਲੈਹਿ ਵਸਲਮ ਦੇ ਨਾਲ ਰਹੇ ਸਨ । ਜੰਗੇ ਜਸਰ ਅਬੀ ਅਬੈਦ ਵਿੱਚ 14 ਹਿਜਰੀ ਨੂੰ ਹਜ਼ਰਤ ਉਮਰ ਦੀ ਖ਼ਿਲਾਫ਼ਤ ਸਮੇਂ ਇਹ ਸ਼ਹੀਦ ਹੋਏ ।

ਇਕ ਸਹਾਬੀ ਹਜ਼ਰਤ ਮਜਜ਼ਰ ਬਿਨ ਜ਼ਿਯਾਦ ਹਨ । ਉਹਦ ਦੀ ਜੰਗ ਵਿੱਚ ਇਹਨਾਂ ਦੀ ਸ਼ਹੀਦੀ ਹੋਈ । ਮਜਜ਼ਰ ਆਪ ਦਾ ਉਪਨਾਮ ਸੀ ਇਸ ਦਾ ਅਰਥ ਮੋਟੇ ਸ਼ਰੀਰ ਵਾਲਾ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਮਜਜ਼ਰ ਅਤੇ ਆਕਲ ਬਿਨ ਬਕੀਰ ਵਿਚਕਾਰ ਭਾਈਬੰਦੀ ਕਰਾਈ ਸੀ । ਹਜ਼ਰਤ ਮਜਜ਼ਰ ਬਦੀ ਦੀ ਜੰਗ ਅਤੇ ਉਹਦ ਦੀ ਜੰਗ ਵਿੱਚ ਸ਼ਾਮਲ ਹੋਏ । ਇਬਨੇ ਇਸਹਾਕ ਨੇ ਬਿਆਨ ਕੀਤਾ ਹੈ ਕਿ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਅਬੂ ਬਖ਼ਤਰੀ ਨੂੰ ਕਤਲ ਕਰਨ ਤੋਂ ਮਨਾ ਕੀਤਾ ਸੀ ਕਿਉਂਕਿ ਮੱਕੇ ਵਿੱਚ ਉਸ ਨੇ ਲੋਕਾਂ ਨੂੰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੂੰ ਕਸ਼ਟ ਪਹੁੰਚਾਉਣ ਤੋਂ ਰੋਕਿਆ ਸੀ । ਇਸ ਲਈ ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਇਸ ਨੂੰ ਕਤਲ ਨਹੀਂ ਕਰਨਾ ਅਤੇ ਉਹ ਆਪ ਵੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਕੋਈ ਕਸ਼ਟ ਨਹੀਂ ਪਹੁੰਚਾਉਂਦਾ ਸੀ ਅਤੇ ਉਹ ਉਹਨਾਂ ਲੋਕਾਂ ਵਿੱਚੋਂ ਸੀ ਜੋ ਉਸ ਮੁਆਇਹਦੇ (ਇਕਰਾਰ ਨਾਮੇ) ਦੇ ਵਿਰੁਧ ਖੜੇ ਹੋਏ ਸਨ ਜੋ ਕੁਰੈਸ਼ ਨੇ ਬਨੂ ਹਾਸ਼ਮ ਅਤੇ ਬਨੀ ਮੁਤਲਬ ਦੇ ਵਿਰੁਧ ਕੀਤਾ ਸੀ । ਹਜ਼ਰਤ ਮਜਜ਼ਰ ਅਬੂ ਬਖ਼ਤਰੀ ਨੂੰ ਮਿਲੇ ਅਤੇ ਕਿਹਾ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਸਾਨੂੰ ਤੁਹਾਡੇ ਕਤਲ ਤੋਂ ਰੋਕਿਆ ਹੈ । ਅਬੂ ਬਖ਼ਤਰੀ ਦੇ ਨਾਲ ਦਾ ਇਕ ਉਸ ਦਾ ਸਾਥੀ ਵੀ ਨਾਲ ਸੀ । ਅਬੂ ਬਖ਼ਤਰੀ ਨੇ ਕਿਹਾ ਕਿ ਮੇਰੇ ਸਾਥੀ ਬਾਰੇ ਕੀ ਹੁਕਮ ਹੈ । ਹਜ਼ਰਤ ਮਜਜ਼ਰ ਨੇ ਕਿਹਾ ਕਿ ਰੱਬ ਦੀ ਸਹੁੰ ਅਸੀਂ ਤੁਹਾਡੇ ਸਾਥੀ ਨੂੰ ਨਹੀਂ ਛਡੱਾਂਗੇ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਸਾਨੂੰ ਕੇਵਲ ਤੁਹਾਡੇ ਲਈ ਆਦੇਸ਼ ਦਿਤੱਾ ਹੈ । ਉਸ ਨੇ ਕਿਹਾ ਕਿ ਫਿਰ ਅਸੀਂ ਦੋਵੇਂ ਜੇਕਰ ਮਰਾਂਗੇ ਤਾਂ ਇਕੱਠੇ ਮਰਾਂਗੇ । ਮੈਂ ਇਹ ਗਵਾਰਾ ਨਹੀਂ ਕਰ ਸਕਦਾ ਕਿ ਮੱਕੇ ਦੀਆਂ ਇਸਤਰੀਆਂ ਇਹ ਬਿਆਨ ਕਰਦੀਆਂ ਫਿਰਨ ਕਿ ਮੈਂ ਆਪਣੇ ਜੀਵਨ ਖ਼ਾਤਰ ਆਪਣੇ ਸਾਥੀ ਨੂੰ ਛੱਡ ਦਿਤੱਾ । ਫਿਰ ਉਹ ਦੋਵੇਂ ਉਹਨਾਂ ਤੋਂ ਲੜਾਈ ਲਈ ਤਿਆਰ ਹੋ ਗਏ ਮਜਜ਼ਰ ਨੇ ਉਸਨੂੰ ਕਤਲ ਕਰ ਦਿਤੱਾ । ਹਜ਼ਰਤ ਮਜਜ਼ਰ ਦੀ ਸੰਤਾਨ ਮਦੀਨੇ ਅਤੇ ਬਗ਼ਦਾਦ ਵਿੱਚ ਮੋਜੂਦ ਸੀ । ਅਬੀ ਵਾਅਜ਼ਾ ਤੋਂ ਰਿਵਾਇਤ ਹੈ ਕਿ ਉਹਦ ਦੇ ਸ਼ਹੀਦਾਂ ਵਿੱਚੋਂ ਜੋ ਤਿੰਨ ਵਿਅਕਤੀ ਇਕ ਹੀ ਕਬਰ ਵਿੱਚ ਦਫ਼ਨ ਕੀਤੇ ਗਏ ਸਨ ਉਹ ਮਜਜ਼ਰ ਬਿਨ ਜ਼ਿਯਾਦ, ਨੁਅਮਾਨ ਬਿਨ ਮਾਲਕ ਅਤੇ ਅਬਦਹ ਬਿਨ ਹਸਾਸ ਸਨ ।

ਹਜ਼ਰਤ ਹਬਾਬ ਬਿਨ ਮੁੰਜ਼ਰ ਬਿਨ ਜਮੂਹ ਇਕ ਸਹਾਬੀ ਹਨ । ਹਜ਼ਰਤ ਉਮਰ ਦੀ ਖ਼ਿਲਾਫ਼ਤ ਸਮੇਂ ਇਹਨਾਂ ਦੀ ਵਫ਼ਾਤ ਹੋਈ । ਹਜ਼ਰਤ ਹਬਾਬ ਬਿਨ ਮੁੰਜ਼ਰ ਬਦਰ, ਉਹਦ, ਖ਼ੰਦਕ ਤੇ ਬਾਕੀਆਂ ਸਾਰੀਆਂ ਜੰਗਾ ਰਸੂਲੁਲੱਹ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਰਹੇ । ਉਹਦ ਦੀ ਜੰਗ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸਾਬਤ ਕਦਮ ਰਹੇ । ਅਤੇ ਮੌਤ'ਤੇ ਆਪ ਨਾਲ ਬੈਅਤ ਕੀਤੀ । ਬਦਰ ਦੀ ਜੰਗ ਵਿੱਚ ਜਿਸ ਥਾਂ ਇਸਲਾਮੀ ਲਸ਼ਕਰ ਨੇ ਡੇਰਾ ਲਾਇਆ ਸੀ ਉਸ ਬਾਰੇ ਹਜ਼ਰਤ ਹਬਾਬ ਬਿਨ ਮੁੰਜ਼ਰ ਨੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨੂੰ ਪੁੱਛਿਆ ਕਿ ਕੀ ਆਪਨੇ ਰੱਬੀ ਆਦੇਸ਼ ਹੇਠ ਇਹ ਥਾਂ ਪਸੰਦ ਕੀਤੀ ਹੈ ਜਾਂ ਕੇਵਲ ਫ਼ੌਜੀ ਵਿਉਂਤ ਅਨੁਸਾਰ ਇਹ ਧਾਰਨ ਕੀਤੀ ਹੈ ? ਹਜ਼ਰਤ ਮੁਹਮੱਦ ਸਲਲੱਹੁ ਅਲੈਹਿ ਵਸਲਮ ਨੇ ਫ਼ਰਮਾਇਆ ਕਿ ਇਸ ਬਾਰੇ

ਕੋਈ ਖ਼ੁਦਾਈ ਹੁਕਮ ਨਹੀਂ ਹੈ ਤੁਸੀਂ ਜੇਕਰ ਕੋਈ ਮਸ਼ਵਰਾ ਦੇਣਾ ਹੈ ਤਾਂ ਦਿਓ । ਇਸ'ਤੇ ਹਜ਼ਰਤ ਹਬਾਬ ਬਿਨ ਮੁੰਜ਼ਰ ਨੇ ਅਰਜ਼ ਕੀਤੀ ਤਾਂ ਫਿਰ ਮੇਰੇ ਵਿਚਾਰ ਵਿੱਚ ਇਹ ਥਾਂ ਚੰਗੀ ਨਹੀਂ ਹੈ ਚੰਗਾ ਹੋਵੇਗਾ ਕਿ ਅੱਗੇ ਵਧੱਕੇ ਕੁਰੈਸ਼ ਤੋਂ ਨੇੜੇ ਦੇ ਚਸ਼ਮੇ (ਸੋਮੇ) ਉਪੱਰ ਕਬਜ਼ਾ ਕਰ ਲਿਆ ਜਾਏ । ਮੈਂ ਇਸ ਚਸ਼ਮੇ ਨੂੰ ਜਾਣਦਾ ਹਾਂ, ਉਸ ਦਾ ਪਾਣੀ ਵੀ ਚੰਗਾ ਹੈ ਅਤੇ ਸਾਧਾਰਣਤਾ ਵਾਹਵਾ ਮਿਕਦਾਰ ਵਿੱਚ ਹੁੰਦਾ ਹੈ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੇ ਇਸ ਵਿਉਂਤ ਨੂੰ ਪਸੰਦ ਕੀਤਾ ਅਤੇ ਕਿਉਂਕਿ ਹੁਣ ਤੱਕ ਕੁਰੈਸ਼ ਟੀਲੇ ਤੋਂ ਪਰੇ ਡੇਰੇ ਲਾਈ ਬੈਠੇ ਸਨ ਅਤੇ ਇਹ ਚਸ਼ਮਾ (ਸੋਮਾ) ਖ਼ਾਲੀ ਸੀ, ਮੁਸਲਮਾਨ ਅੱਗੇ ਵਧੱਕੇ ਇਸ ਚਸ਼ਮੇ ਉਪੱਰ ਕਾਬਜ਼ ਹੋ ਗਏ ।

ਹਜ਼ਰਤ ਇਬਨੇ ਅਬੱਾਸ ਬਿਆਨ ਕਰਦੇ ਹਨ ਕਿ ਹਜ਼ਰਤ ਜਿਬਰੀਲ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਉਪੱਰ ਨਾਜ਼ਲ ਹੋਏ ਅਤੇ ਫ਼ਰਮਾਇਆ ਕਿ ਸਹੀ ਰਾਏ ਇਹੋ ਹੈ ਜਿਸ ਦਾ ਹਜ਼ਰਤ ਹਬਾਬ ਬਿਨ ਮੁੰਜ਼ਰ ਨੇ ਮਸ਼ਵਰਾ ਦਿਤੱਾ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਹੇ ਹਬਾਬ ਤੁਸੀਂ ਅਕਲ ਵਾਲਾ ਮਸ਼ਵਰਾ ਦਿਤੱਾ ਹੈ । ਬਦਰ ਦੀ ਜੰਗ ਵਿੱਚ ਖ਼ਜ਼ਰਜ ਦਾ ਝੰਡਾ ਹਜ਼ਰਤ ਹਬਾਬ ਬਿਨ ਮੁੰਜ਼ਰ ਕੋਲ ਸੀ । ਹਜ਼ਰਤ ਹਬਾਬ ਬਿਨ ਮੁਜ਼ਰ ਦੀ ਉਮਰ 33 ਸਾਲ ਸੀ ਜੱਦ ਉਹ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ । ਜੱਦ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਆਪਣੇ ਮੁਖ਼ਬਰਾਂ ਰਾਹੀਂ ਕੁਰੈਸ਼ ਦੇ ਲਸ਼ਕਰ ਦੇ ਨੇੜੇ ਆ ਜਾਣ ਦੀ ਸੂਚਨਾ ਮਿਲੀ ਤਾਂ ਆਪ ਨੇ ਹਬਾਬ ਬਿਨ ਮੁੰਜ਼ਰ ਨੂੰ ਰਵਾਨਾ ਕੀਤਾ ਕਿ ਉਹ ਜਾਕੇ ਦੁਸ਼ਮਣਾ ਦੀ ਗਿਣਤੀ ਅਤੇ ਸ਼ਕਤੀ ਦਾ ਪਤਾ ਲਿਆਉਣ । ਹਬਾਬ ਚੁਪ ਚੁਪੀਤੇ ਗਏ ਅਤੇ ਅਤਿਅੰਤ ਹੁਸ਼ਿਆਰੀ ਨਾਲ ਥੋੜੇ ਹੀ ਸਮੇਂ ਵਿੱਚ ਵਾਪਸ ਆਣਕੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਸਾਰੇ ਹਾਲਾਤ ਵਰਨਣ ਕਰ ਦਿੱਤੇ । ਆਂਹਜ਼ੂਰ ਸਲਲੱਾਹੁ ਅਲੈਹਿ ਵਸਲਮ ਨੇ ਯੌਮਿ ਕੁਰੈਜ਼ਾ ਅਤੇ ਯੌਮੁਨੱਜ਼ੀਰ ਦੇ ਮੌਕੇ ਆਪ ਦੇ ਮਸ਼ਵਰੇ ਉਪੱਰ ਅਮਲ ਕੀਤਾ । ਹਜ਼ਰਤ ਉਮਰ ਦੇ ਦੌਰੇ ਖ਼ਿਲਾਫ਼ਤ ਵਿੱਚ ਇਹਨਾਂ ਦੀ ਵਫ਼ਾਤ ਹੋਈ ।

ਹਜ਼ਰਤ ਹਬਾਬ ਬਿਨ ਮੁੰਜ਼ਰ ਤੋਂ ਰਿਵਾਇਤ ਹੈ ਕਿ ਹਜ਼ਰਤ ਜਿਬਰੀਲ ਅਲੈਹਿ ਸਲਾਮ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਦੇ ਕੋਲ ਆਏ ਅਤੇ ਅਰਜ਼ ਕੀਤੀ ਕਿ ਇਹਨਾਂ ਦੋਹਾਂ ਗਲੱਾਂ ਵਿੱਚੋਂ ਕਿਹੜੀ ਆਪ ਨੂੰ ਬਹੁਤੀ ਪਸੰਦ ਹੈ ਇਹ ਕਿ ਆਪ ਦੁਨੀਆ ਵਿੱਚ ਆਪਣੇ ਸਹਾਬਾ ਦੇ ਨਾਲ ਰਹਿਣ ਜਾਂ ਇਹ ਕਿ ਆਪਣੇ ਰੱਬ ਵੱਲ ਇਹਨਾ ਵਾਦਿਆਂ ਨਾਲ ਪਰਤਨ ਜੋ ਇਸ ਨੇਮਤਾਂ ਵਾਲੇ ਸਵਰਗ ਵਿੱਚ ਕਾਇਮ ਰਹਿਣ ਵਾਲੀਆਂ ਨੇਮਤਾਂ ਦਾ ਆਪ ਨਾਲ ਵਾਦਾ ਕੀਤਾ ਹੈ । ਇਸ'ਤੇ ਆਪ ਸਲਲੱਾਹੁ ਅਲੈਹਿ ਵਸਲਮ ਨੇ ਆਪਣੇ ਸਹਾਬਾ ਨੂੰ ਪੁੱਛਿਆ ਕਿ ਦੱਸੋ ਤੁਸੀਂ ਕੀ ਮਸ਼ਵਰਾ ਦਿੰਦੇ ਹੋ ਤਾਂ ਸਹਾਬਾ ਨੇ ਅਰਜ਼ ਕੀਤੀ ਕਿ ਹੇ ਅਲੱਾਹ ਦੇ ਰਸੂਲ, ਸਾਨੂੰ ਤਾਂ ਇਹ ਗੱਲ ਬਹੁਤੀ ਪਸੰਦ ਹੈ ਕਿ ਆਪ ਸਾਡੇ ਨਾਲ ਹੋਣ । ਇਸ'ਤੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਬਾਬ ਬਿਨ ਮੁੰਜ਼ਰ ਵੱਲ ਦੇਖਕੇ ਫ਼ਰਮਾਇਆ ਕਿ ਤੁਹਾਨੂੰ ਕੀ ਹੋਇਆ ਕਿ ਤੁਸੀਂ ਨਹੀਂ ਬੋਲਦੇ । ਕਹਿੰਦੇ ਹਨ ਮੈਂ ਇਸ'ਤੇ ਅਰਜ਼ ਕੀਤੀ ਕਿ ਹੇ ਅਲੱਾਹ ਦੇ ਰਸੂਲ ਜੋ ਰੱਬ ਨੇ ਆਪ ਲਈ ਪਸੰਦ ਫ਼ਰਮਾਇਆ ਹੈ ਉਹ ਧਾਰਨ ਕਰਨ । ਸੋ, ਆਪ ਨੇ ਮੇਰੀ ਗੱਲ ਨੂੰ ਪਸੰਦ ਫ਼ਰਮਾਇਆ ।

ਫਿਰ ਇਕ ਸਹਾਬੀ ਹਨ ਹਜ਼ਰਤ ਰਫ਼ਾਅ ਬਿਨ ਰਾਫ਼ਿਅ ਬਿਨ ਮਾਲਕ ਬਿਨ ਅਜਲਾਨ । ਇਹ ਅੰਸਾਰੀ ਹਨ । ਇਹਨਾਂ ਦੀ ਵਫ਼ਾਤ ਹਜ਼ਰਤ ਅਮੀਰ ਮੁਆਵੀਆਹ ਦੀ ਅਮਾਰਤ ਦੇ ਅਰੰਭਕ ਦਿਨਾਂ ਵਿੱਚ ਹੋਈ । ਸਾਰੀਆਂ ਜੰਗਾ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸਨ । ਆਪ ਦੇ ਦੋ ਭਰਾ, ਖ਼ਲਾਦ ਬਿਨ ਰਾਫ਼ਿਅ ਅਤੇ ਮਾਲਕ ਬਿਨ ਰਾਫ਼ਿਅ ਵੀ ਬਦਰ ਦੀ ਜੰਗ ਵਿੱਚ ਸ਼ਾਮਲ ਸਨ । ਹਜ਼ਰਤ ਮਆਜ਼ ਨੇ ਆਪਣੇ ਪਿਤਾ ਹਜ਼ਰਤ ਰਫ਼ਾਅ ਬਿਨ ਰਾਫ਼ਿਅ ਤੋਂ ਰਿਵਾਇਤ ਕੀਤੀ ਹੈ ਅਤੇ ਉਹਨਾਂ ਦੇ ਪਿਤਾ ਬਦਰ ਵਾਲਿਆਂ ਵਿੱਚੋਂ ਸਨ, ਉਹਨਾਂ ਨੇ ਕਿਹਾ ਕਿ ਜਿਬਰੀਲ ਨਬੀ ਕਰੀਮ ਸਲਲੱਾਹੁ ਅਲੈਹਿ ਵਸਲਮ ਦੇ ਕੋਲ ਆਏ ਅਤੇ ਕਿਹਾ ਆਪ ਮੁਸਲਮਾਨਾ ਵਿੱਚ ਬਦਰ

ਵਾਲਿਆਂ ਨੂੰ ਕੀ ਅਸਥਾਨ ਦਿੰਦੇ ਹਨ । ਆਪ ਸਲਲੱਾਹੁ ਅਲੈਹਿ ਵਸਲਮ ਨੇ ਉੱਤਰ ਦਿਤੱਾ ਕਿ ਬਿਹਤਰੀਨ ਮੁਸਲਿਮ । ਹਜ਼ਰਤ ਜਿਬਰੀਲ ਅਲੈਹਿ ਸਲਾਮ ਨੇ ਕਿਹਾ ਅਤੇ ਉਸੇ ਪ੍ਰਕਾਰ ਉਹ ਫ਼ਰਿਸ਼ਤੇ ਵੀ ਅਫ਼ਜ਼ਲ ਹਨ ਜੋ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਕ ਘਟਨਾ ਦੀ ਹੋਰ ਵਧੇਰੇ ਵਿਸਥਾਰ ਕਰਨਾ ਚਾਹੁੰਦਾ ਹਾਂ ਕਿ ਹਜ਼ਰ ਉਮਰੋ ਬਿਨ ਆਸ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਮ ਨੂੰ ਇਹ ਕਹਿੰਦਿਆਂ ਹੋਇਆਂ ਸੁਣਿਆ ਸੀ ਕਿ ਅਮੱਾਰ ਬਿਨ ਯਾਸਿਰ ਨੂੰ ਬਾਗ਼ੀ ਗਿਰੋਹ (ਦਲ) ਕਤਲ ਕਰੇਗਾ ਅਤੇ ਹਜ਼ਰਤ ਅਮੱਾਰ ਨੂੰ ਸ਼ਹੀਦ ਕਰਨ ਵਾਲੇ ਹਜ਼ਰਤ ਅਮੀਰ ਮੁਆਵੀਆਹ ਦੇ ਫ਼ੌਜੀ ਸਨ । ਇਸ'ਤੇ ਕਈ ਲੋਕ ਪ੍ਰਸ਼ਨ ਕਰਦੇ ਹਨ ਕਿ ਜੱਦ ਇਹ ਬਾਗੀ ਦਲ ਵਿੱਚੋਂ ਸਨ ਤਾਂ ਫਿਰ ਇਹਨਾਂ ਦਾ ਨਾਂ ਐਨ੍ਹੇ ਸਤਿਕਾਰ ਨਾਲ ਕਿਉਂ ਲਿਆ ਜਾਂਦਾ ਹੈ ਅਤੇ ਹਜ਼ਰਤ ਅਮੀਰ ਮੁਆਵੀਆਹ ਨੂੰ ਵੀ ਜਮਾਤ ਦੇ ਲਿਟ੍ਰੇਚਰ ਵਿੱਚ ਇਕ ਮੁਕਾਮ ਹੈ । ਪਹਿਲੀ ਗੱਲ ਤਾਂ ਇਹ ਕਿ ਸਹਾਬਾ ਦਾ ਜੋ ਮੁਕਾਮ ਹੈ ਸਾਡਾ ਕੰਮ ਨਹੀਂ ਕਿ ਅਸੀਂ ਆਖੀਏ ਇਹ ਬਖ਼ਸ਼ਿਆ ਜਾਵੇਗਾ ਅਤੇ ਇਹ ਨਹੀਂ ਬਖ਼ਸ਼ਿਆ ਜਾਵੇਗਾ । ਇਕ ਰਿਵਾਇਤ ਹੈ ਅਬੂ ਜ਼ੁਹਾ ਤੋਂ ਮੁਰੱਵੀ ਹੈ ਕਿ ਉਮਰੋ ਬਿਨ ਸ਼ਰਜੀਲ ਅਬੂ ਮੈਸਰਹ ਨੇ ਜੋ ਹਜ਼ਰਤ ਅਬਦੁਲੱਾਹ ਬਿਨ ਮਸਊਦ ਦੇ ਫ਼ਾਜ਼ਲ ਚੇਲਿਆਂ ਵਿੱਚੋਂ ਸਨ, ਸੁਪਨੇ ਵਿੱਚ ਦੇਖਿਆ ਕਿ ਇਕ ਹਰਿਆ ਭਰਿਆ ਬਾਗ਼ ਹੈ ਜਿਸ ਵਿਚ ਕੁਝ ਤੰਬੂ ਲੱਗੇ ਹੋਏ ਸਨ, ਇਹਨਾ ਵਿੱਚ ਹਜ਼ਰਤ ਅਮੱਾਰ ਬਿਨ ਯਾਸਿਰ ਵੀ ਸਨ ਅਤੇ ਕੁਝ ਹੋਰ ਤੰਬੂ ਸਨ ਜਿੰਨ੍ਹਾ ਜ਼ੁਲਕਲਾ ਸਨ ਤਾਂ ਅਬੂ ਮੈਸਰਹ ਨੇ ਪੁੱਛਿਆ ਇਹ ਕਿਵੇਂ ਹੋ ਗਿਆ ਕਿ ਇਹਨਾਂ ਲੋਕਾਂ ਨੇ ਤਾਂ ਆਪੋ ਵਿੱਚ ਜੰਗ ਕੀਤੀ ਸੀ ਕਤਲ ਕੀਤੇ ਸਨ, ਉੱਤਰ ਮਿਲਿਆ ਕਿ ਇਹਨਾਂ ਲੋਕਾਂ ਨੇ ਪਰਵਰਦਿਗਾਰ (ਰੱਬ) ਨੂੰ ਬਹੁਤ ਹੀ ਬਖ਼ਸ਼ਣਹਾਰ ਅਰਥਾਤ ਬਖ਼ਸ਼ਣ ਵਾਲਾ ਪਾਇਆ ਹੈ, ਇਸ ਲਈ ਹੁਣ ਓਥੇ ਇਕੱਠੇ ਹੋ ਗਏ ਹਨ । ਸੋ, ਇਹ ਮਾਮਲੇ ਹੁਣ ਰੱਬ ਦੇ ਸੁਪੁਰਦ ਹਨ, ਇਹਨਾ ਮਾਮਲਿਆਂ ਅਤੇ ਮਤਿਭੇਦਾਂ ਨੂੰ ਸਾਡਾ ਕੰਮ ਨਹੀਂ ਕਿ ਆਪਣੇ ਮਨਾਂ ਵਿੱਚ ਥਾਂ ਦੇਈਏ । ਇਸੇ ਕਰਕੇ ਮੁਸਲਮਾਨਾਂ ਵਿੱਚ ਮਤਿਭੇਦ ਪੈਦਾ ਹੁੰਦਾ ਰਲਾ ਗਿਆ ਅਤੇ ਇਸ ਦਾ ਸਿਟੱਾ ਅਸੀਂ ਅੱਜ ਦੇਖ ਰਹੇ ਹਾਂ । ਇਹ ਗਲੱਾਂ ਸਾਡੇ ਲਈ ਪਾਠ ਹਨ ਕਿ ਇਹਨਾਂ ਗਲੱਾਂ ਨੂੰ ਦਿਲਾ ਵਿੱਚ ਲਿਆਉਣ ਦੀ ਥਾਂ ਏਕਤਾ ਉਪੱਰ ਕਾਇਮ ਹੋਈਏ । ਅਲੱਾਹ ਤਆਲਾ ਸਾਨੂੰ ਤੌਫ਼ੀਕ ਪ੍ਰਦਾਨ ਕਰੇ ਕਿ ਅਸੀਂ ਹਮੇਸ਼ਾ ਇਕ ਰਹੀਏ ਅਤੇ ਇਕ ਈਸ਼ਵਰਵਾਦ ਉਪੱਰ ਕਾਇਮ ਰਹੀਏ ਅਤੇ ਨੇਕੀਆਂ ਵਿੱਚ ਅੱਗੇ ਵਧਣ ਵਾਲੇ ਹੋਈਏ ।

**Khulasa Khutba Jumma 06.07.2018**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131